ਚੈਂਪੀਅਨ ਹੋਮ ਲਾਂਚ ਗਾਈਡ ਵਿੱਚ, ISMP Canada ਨੇ LTC Homes ਨੂੰ ਇੱਕ ਨਿਵਾਸੀ ਅਤੇ ਪਰਿਵਾਰ ਸ਼ਮੂਲੀਅਤ ਸਰਵੇਖਣ ਪ੍ਰਦਾਨ ਕੀਤਾ। peopleCare Hilltop Manor LTC ਵਿਖੇ ਟੀਮ ਨੇ ਇਸ ਵਿੱਚ ਕੁੱਝ ਹੋਰ ਪ੍ਰਸ਼ਨ ਜੋੜ ਕੇ ਇਸਨੂੰ ਖੁਦ ਦਾ ਸਰਵੇਖਣ ਬਣਾ ਲਿਆ ਹੈ। ਤੁਹਾਡੇ ਭਾਈਚਾਰੇ ਦੀਆਂ ਜ਼ਰੂਰਤਾਂ ਅਨੁਸਾਰ ਇਸ ਵਿੱਚ ਸੋਧ ਕਰਨ ਲਈ ਤੁਹਾਡੇ ਪਰਿਵਾਰ ਨੂੰ ਸੱਦਾ ਦਿੱਤਾ ਜਾਂਦਾ ਹੈ। ਤੁਹਾਡਾ ਕੰਮ ਸਾਂਝਾ ਕਰਨ ਲਈ peopleCare Hilltop Manor ਦਾ ਧੰਨਵਾਦ!

1. ਆਪਣੀਆਂ ਦਵਾਈਆਂ ਬਾਰੇ ਫ਼ੈਸਲੇ ਲੈਣ ਵਿੱਚ ਤੁਹਾਨੂੰ ਕਿੰਨਾ ਕੁ ਸ਼ਾਮਲ ਕੀਤਾ ਗਿਆ ਹੈ?
    a. ਬਿਲਕੁਲ ਵੀ ਨਹੀਂ
    b. ਵਿਜ਼ਿਟ ਦੇ ਅੰਤ ਵਿੱਚ ਮੇਰਾ ਡਾਕਟਰ ਪੁੱਛਦਾ ਹੈ ਕਿ ਮੇਰੇ ਕੋਈ ਸਵਾਲ ਤਾਂ ਨਹੀਂ ਹਨ
    c. ਮੇਰਾ ਡਾਕਟਰ ਮੇਰੀ ਟਿੱਪਣੀ/ਚਿੰਤਾ ਬਾਰੇ ਮੈਨੂੰ ਪੁੱਛਦਾ ਹੈ, ਮੈਨੂੰ ਲੱਗਦਾ ਹੈ ਕਿ ਮੇਰਾ ਡਾਕਟਰ ਜਾਂ ਨਰਸ ਮੇਰੀ ਗੱਲ ਸੁਣਦੇ ਹਨ
    d. ਮੇਰਾ ਡਾਕਟਰ, ਨਰਸ ਅਤੇ ਫਾਰਮਾਸਿਸਟ ਮੇਰੇ ਤੋਂ ਪੁੱਛਦੇ ਹਨ ਕਿ ਦਵਾਈਆਂ ਨਾਲ ਮੈਨੂੰ ਕਿਵੇਂ ਲੱਗਦਾ ਹੈ ਅਤੇ ਕੀ ਇਨ੍ਹਾਂ ਤੋਂ ਕੋਈ ਸਮੱਸਿਆ ਤਾਂ ਨਹੀਂ ਹੈ।
    e. ਮੇਰਾ ਡਾਕਟਰ ਮੇਰੀ ਲਈ ਜ਼ਰੂਰੀ ਚੀਜ਼ਾਂ ਨੂੰ ਸਮਝਣ ਲਈ ਮੇਰੇ ਨਾਲ ਕੰਮ ਕਰਦਾ ਹੈ ਅਤੇ ਮੈਂ ਆਪਣੇ ਦਵਾਈ ਪ੍ਰਬੰਧਨ ਲਈ ਟੀਚੇ ਨਿਰਧਾਰਿਤ ਕਰਨ ਵਿੱਚ ਸ਼ਾਮਲ ਹਾਂ।

2. ਕੀ ਤੁਹਾਨੂੰ ਪਤਾ ਹੈ ਕਿ ਤੁਹਾਡੀਆਂ ਦਵਾਈਆਂ ਕਿਹੜੀਆਂ ਹਨ? ਕੀ ਤੁਹਾਨੂੰ ਪਤਾ ਹੈ ਕਿ ਉਨ੍ਹਾਂ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?
    a. ਹਾਂ
    b. ਕੁੱਝ ਕੁ
    c. ਨਹੀਂ
    d. ਮੈਨੂੰ ਪੱਕਾ ਨਹੀਂ ਪਤਾ

3. ਕੀ ਤੁਹਾਨੂੰ ਆਪਣੇ ਦਵਾਈਆਂ ਦੇ ਫ਼ੈਸਲਿਆਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਕੀਤਾ ਗਿਆ ਹੈ?
    a. ਮੈਂ ਪੂਰੀ ਤਰ੍ਹਾਂ ਸ਼ਾਮਲ ਹਾਂ।
    b. ਮੈਂ ਆਪਣੀਆਂ ਦਵਾਈਆਂ ਬਾਰੇ ਹੋਰ ਜਾਣਨਾ ਚਾਹੁੰਦਾ/ਦੀ ਹਾਂ।
    c. ਮੈਂ ਆਪਣੀਆਂ ਦਵਾਈਆਂ ਬਾਰੇ ਹੋਰ ਜਾਣਨਾ ਚਾਹਾਂਗਾ/ਗੀ ਅਤੇ ਇਨ੍ਹਾਂ ਬਾਰੇ ਫੈਸਲਿਆਂ ਵਿੱਚ ਸ਼ਾਮਲ ਹੋਣਾ ਚਾਹਾਂਗਾ/ਗੀ।
    d. ਮੈਂ ਘੱਟ ਸ਼ਾਮਲ ਹੋਣਾ ਚਾਹੁੰਦਾ/ਦੀ ਹਾਂ ਅਤੇ ਹੋਰਾਂ ਨੂੰ ਮੇਰੇ ਵੱਲੋਂ ਦਵਾਈਆਂ ਦੇ ਫ਼ੈਸਲੇ ਲੈਣ ਦਾ ਅਧਿਕਾਰ ਦਿੰਦਾ/ਦੀ ਹਾਂ।

4. ਕੀ ਤੁਹਾਨੂੰ ਆਪਣੀਆਂ ਦਵਾਈਆਂ ਨਾਲ ਅਰਾਮ ਮਿਲਦਾ ਹੈ?
    a. ਹਾਂ
    b. ਨਹੀਂ

5. ਆਪਣੀਆਂ ਦਵਾਈਆਂ ਲੈਣ ਤੋਂ ਬਾਅਦ ਤੁਹਾਨੂੰ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ?
    a. ਕੋਈ ਫ਼ਰਕ ਨਹੀਂ
    b. ਥੱਕਿਆ ਹੋਇਆ
    c. ਚੱਕਰ ਆਉਂਦੇ ਹਨ

d. ਮੂੰਹ ਸੁੱਕਦਾ ਹੈ
e. ਬਹੁਤ ਵਧੀਆ
f. ਕੁੱਝ ਹੋਰ (ਕਿਰਪਾ ਕਰਕੇ ਦੱਸੋ)

6. 1-5 ਦੇ ਪੈਮਾਨੇ 'ਤੇ, ਤੁਸੀਂ ਕਿੰਨੇ ਯਕੀਨੀ ਹੋ ਕਿ ਤੁਹਾਡੇ ਘਰ ਵਿੱਚ ਦਵਾਈ ਪ੍ਰਬੰਧਨ ਦਾ ਸਿਸਟਮ ਸੁਰੱਖਿਅਤ ਹੈ?
   a. ਬਿਲਕੁਲ ਵੀ ਯਕੀਨੀ ਨਹੀਂ
   b. ਥੋੜ੍ਹਾ ਯਕੀਨੀ
   c. ਕੁੱਝ ਹੱਦ ਤੱਕ ਯਕੀਨੀ
   d. ਮੈਂ ਜ਼ਿਆਦਾਤਰ ਸਮੇਂ ਯਕੀਨੀ ਹਾਂ
   e. ਮੈਨੂੰ ਯਕੀਨ ਹੈ ਕਿ ਦਵਾਈ ਪ੍ਰਬੰਧਨ ਸਿਸਟਮ ਸੁਰੱਖਿਅਤ ਹੈ

7. ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਆਪਣੀਆਂ ਦਵਾਈਆਂ ਅਤੇ ਤਬਦੀਲੀਆਂ ਬਾਰੇ ਦੱਸਿਆ ਜਾਂਦਾ ਹੈ?
   a. ਬਿਲਕੁਲ ਵੀ ਨਹੀਂ
   b. ਕਈ ਵਾਰ
   c. ਆਮ ਤੌਰ 'ਤੇ
   d. ਹਮੇਸ਼ਾ

8. ਜਦੋਂ ਤੁਸੀਂ ਕਿਸੇ ਵੀ ਕਰਮਚਾਰੀ ਨੂੰ ਆਪਣੀਆਂ ਦਵਾਈਆਂ ਬਾਰੇ ਕੋਈ ਚਿੰਤਾ ਵਿਅਕਤ ਕਰਦੇ ਹੋ, ਤਾਂ ਕੀ ਹੁੰਦਾ ਹੈ?
   a. ਕੋਈ ਕੁੱਝ ਵੀ ਨਹੀਂ ਕਰਦਾ
   b. ਕੋਈ ਸਵੀਕਾਰ ਕਰਦਾ ਹੈ ਕਿ ਉਨ੍ਹਾਂ ਨੂੰ ਚਿੰਤਾ ਪ੍ਰਾਪਤ ਹੋ ਗਈ ਹੈ
   c. ਕਰਮਚਾਰੀ ਮੈਨੂੰ ਮੇਰੀ ਚਿੰਤਾ ਬਾਰੇ ਸਵਾਲ ਪੁੱਛਦਾ ਹੈ
   d. ਕਰਮਚਾਰੀ ਮੈਨੂੰ ਦੱਸਦਾ ਹੈ ਕਿ ਉਹ ਮੇਰੀ ਚਿੰਤਾ ਨੂੰ ਹੱਲ ਕਰੇਗਾ
   e. ਕਰਮਚਾਰੀ ਮੈਨੂੰ ਚਿੰਤਾ ਹੱਲ ਕਰਨ ਦੇ ਤਰੀਕੇ ਬਾਰੇ ਮੇਰੇ ਵਿਚਾਰਾਂ ਬਾਰੇ ਪੁੱਛਦਾ ਹੈ
   f. ਮੈਨੂੰ ਪੱਕਾ ਨਹੀਂ ਪਤਾ

9. ਤੁਹਾਨੂੰ ਆਪਣੀਆਂ ਦਵਾਈਆਂ ਬਾਰੇ ਕਿੰਨਾ ਪਤਾ ਹੈ?
   a. ਜੋ ਦਵਾਈਆਂ ਮੈਂ ਲੈ ਰਿਹਾ/ਰਹੀ ਹਾਂ ਉਨ੍ਹਾਂ ਬਾਰੇ ਮੈਨੂੰ ਕੁੱਝ ਵੀ ਨਹੀਂ ਪਤਾ
   b. ਮੈਨੂੰ ਉਨ੍ਹਾਂ ਵਿੱਚੋਂ ਕੁੱਝ ਦੇ ਰੰਗ/ਆਕਾਰ ਬਾਰੇ ਪਤਾ ਹੈ
   c. ਮੈਨੂੰ ਪਤਾ ਹੈ ਕਿ ਮੈਂ ਕਿਹੜੀ ਸਥਿਤੀ ਵਿੱਚ ਦਵਾਈਆਂ ਲੈਣੀਆਂ ਹਨ
   d. ਮੈਨੂੰ ਕੁੱਝ ਦਾ ਨਾਮ ਪਤਾ ਹੈ ਪਰ ਉਨ੍ਹਾਂ ਨੂੰ ਪਛਾਣ ਸਕਦਾ/ਦੀ ਹਾਂ ਅਤੇ ਯਾਦ ਕਰ ਸਕਦਾ/ਦੀ ਹਾਂ ਕਿ ਉਹ ਕਿਸ ਤਰ੍ਹਾਂ ਦੀਆਂ ਦਿਖਦੀਆਂ ਹਨ
   e. ਮੈਨੂੰ ਪਤਾ ਹੈ ਕਿ ਮੈਂ ਕਿਹੜੀਆਂ ਦਵਾਈਆਂ ਲੈ ਰਿਹਾ/ਰਹੀ ਹਾਂ, ਉਹ ਕਿਸ ਲਈ ਹਨ ਅਤੇ ਉਹ ਕਿਸ ਤਰੀਕੇ ਨਾਲ ਕੰਮ ਕਰਨਗੀਆਂ